# ਜ਼ਿਲ੍ਹਾ ਬੱਚਤ ਅਫ਼ਸਰ

ਇਹ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਨੇੜੇ ਸਥਿਤ ਹੈ। ਦਫ਼ਤਰ ਦਾ ਇੰਚਾਰਜ ਜ਼ਿਲ੍ਹਾ ਬੱਚਤ ਅਫ਼ਸਰ ਹੈ ਜੋ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਜੀ ਦੀ ਅਗਵਾਈ ਹੇਠ ਕੰਮ ਕਰਦਾ ਹੈ। ਇਹ ਦਫ਼ਤਰ ਜਿਥੇ ਪਬਲਿਕ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਛੋਟੀਆਂ ਬੱਚਤਾਂ ਦੀ ਮਹੱਤਤਾ ਸਬੰਧੀ ਦੱਸ ਕੇ ਡਾਕਘਰਾਂ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਵਿੱਚ ਧਨ ਲਗਾਉਣ ਲਈ ਯਤਨਸ਼ੀਲ ਹੈ, ਉਥੇ ਬੇਰੁਜ਼ਗਾਰੀ ਦੂਰ ਕਰਨ ਵਿੱਚ ਵੀ ਸਹਾਈ ਹੁੰਦਾ ਹੈ। ਸਮਾਲ ਸੇਵਿੰਗ ਲਈ ਬਾਲਗ ਪੜ੍ਹੇ-ਲਿਖੇ ਬੇਰੋਜ਼ਗਾਰ ਮੁੰਡੇ ਕੁੜੀਆਂ ਏਜੰਟ ਬਣਕੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ। ਸਮਾਲ ਸੇਵਿੰਗ ਵਿੱਚ ਐਮ.ਪੀ.ਕੇ.ਵਾਈ. ਦੀਆਂ ਏਜੰਸੀਆਂ ਸਿਰਫ਼ ਬਾਲਗ ਕੁੜੀਆਂ ਜਾਂ ਔਰਤਾਂ ਨੂੰ ਹੀ ਦਿੱਤੀਆਂ ਜਾ ਸਕਦੀਆਂ ਹਨ। ਇਸ ਸਕੀਮ ਰਾਹੀਂ ਏਜੰਟ ਬਣਾਕੇ ਧਨ ਜਮਾਂ ਕਰਵਾਉਣ ਵਾਲਿਆਂ ਨੂੰ 4% ਕਮਿਸ਼ਨ ਵਜੋਂ ਦਿੱਤਾ ਜਾਂਦਾ ਹੈ। ਇਸ ਸਕੀਮ ਰਾਹੀਂ ਸਿਰਫ਼ ਆਰ.ਡੀ. ਖਾਤਿਆਂ ਵਿੱਚ ਹੀ ਰਕਮ ਜਮ੍ਹਾਂ ਕਰਵਾਈ ਜਾ ਸਕਦੀ ਹੈ। ਦੂਜੀ ਸਕੀਮ ਐਸ.ਏ.ਐਸ. ਦੇ ਏਜੰਟ ਬਾਲਗ ਮੁੰਡੇ ਕੁੜੀਆਂ ਜਾਂ ਕੋਈ ਵੀ ਪੜ੍ਹਿਆ ਲਿਖਿਆ ਬੇਰੋਜਗਾਰ ਵਿਅਕਤੀ ਬਣ ਸਕਦਾ ਹੈ। ਇਸ ਸਕੀਮ ਅਧੀਨ ਕਿਸਾਨ ਵਿਕਾਸ ਪੱਤਰ, ਮੰਥਲੀ ਇਨਕਮ ਸਕੀਮ, ਨੈਸ਼ਨਲ ਸੇਵਿੰਗ ਸਰਟੀਫਿਕੇਟ, ਟਾਇਮ ਡਿਪਾਜਿਟ ਆਦਿ ਸਕੀਮਾਂ ਵਿੱਚ ਜੋ ਏਜੰਟ ਪਬਲਿਕ ਨੂੰ ਉਤਸ਼ਾਹਿਤ ਕਰਕੇ ਧਨ ਜਮ੍ਹਾਂ ਕਰਵਾਉਂਦੇ ਹਨ ਉਹਨਾਂ ਨੂੰ ਲਗਾਏ ਧਨ ਤੇ 1% ਕਮਿਸ਼ਨ ਦਿੱਤਾ ਜਾਂਦਾ ਹੈ। ਇਸ ਤੋਂ ਬਿਨਾਂ ਏਜੰਟਾਂ ਨੂੰ ਹੋਰ ਵੀ ਸਮੇਂ-ਸਮੇਂ ਹੌਸਲਾ ਵਧਾਊ ਇਨਸੈਂਟਿਵ ਦਿੱਤਾ ਜਾਂਦਾ ਹੈ। ਏਜੰਟ ਬਨਣ ਦੇ ਚਾਹਵਾਨ ਇਨਕਮ ਟੈਕਸ ਤੋਂ ਛੋਟ ਪ੍ਰਾਪਤ ਕਰਨ ਵਾਲੀਆਂ ਸਕੀਮਾਂ ਸਬੰਧੀ ਅਤੇ ਪੋਸਟ ਆਫਿਸ ਦੀਆਂ ਵਧੀਆ ਵਿਆਜ ਦੀਆਂ ਸਕੀਮਾਂ ਦੀ ਜਾਣਕਾਰੀ ਲਈ ਜ਼ਿਲ੍ਹਾ ਬੱਚਤ ਅਫ਼ਸਰ ਨਾਲ ਦਫ਼ਤਰ ਸਮੇਂ ਸੰਪਰਕ ਕਰ ਸਕਦੇ ਹਨ।

ਇਸਤੋਂ ਇਲਾਵਾ ਵਿਕਾਸ ਕਾਰਜਾਂ ਲਈ (ਬੱਚਤ) ਸੇਵਿੰਗ ਦੀ ਅਵਾਰਡ ਮਨੀ ਵਿੱਚੋਂ ਡਿਪਟੀ ਕਮਿਸ਼ਨਰ ਸਾਹਿਬ ਵੱਲੋਂ ਜ਼ਿਲ੍ਹੇ ਵਿੱਚ ਵਿਕਾਸ ਕਾਰਜਾਂ ਅਤੇ ਰਜਿਸਟਰਡ ਕਲੱਬਾਂ ਆਦਿ ਨੂੰ ਮਾਲੀ ਸਹਾਇਤਾ ਵੀ ਜਾਰੀ ਕੀਤੀ ਜਾਂਦੀ ਹੈ।

ਇਸ ਸਮੇਂ ਹੇਠ ਲਿਖੀਆਂ ਪੋਸਟ ਆਫਿਸ ਵਿੱਚ ਚੱਲ ਰਹੀਆਂ ਸਕੀਮਾਂ ਵਿੱਚ ਜਿੱਥੇ ਅਸੀਂ ਵਾਧੂ ਵਿਆਜ ਪ੍ਰਾਪਤ ਕਰਕੇ ਆਪਣੀ ਬੱਚਤ ਵਿੱਚ ਵਾਧਾ ਕਰ ਸਕਦੇ ਹਾਂ, ਉਥੇ ਇਨਕਮ ਟੈਕਸ ਤੋਂ ਛੋਟ ਪ੍ਰਾਪਤ ਕਰਨ ਦੇ ਨਾਲ-ਨਾਲ ਕੌਮੀ ਸੇਵਾ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ :-

1. *ਕਿਸਾਨ ਵਿਕਾਸ ਪੱਤਰ*

   ਰਕਮ 8 ਸਾਲ 7 ਮਹੀਨੇ ਵਿੱਚ ਦੁੱਗਣੀ ਹੋ ਜਾਂਦੀ ਹੈ।

2. ਪੋਸਟ ਆਫਿਸ ਮਾਸਿਕ

   8% ਹਰ ਮਹੀਨੇ ਮਿਲਣਯੋਗ।

   10% ਦੇ ਹਿਸਾਬ ਨਾਲ ਐਡੀਸ਼ਨਲ ਬੋਨਸ ਪੁਗਣ ਤੇ।

3. ਪੋਸਟ ਆਫਿਸ ਟਾਇਮ ਡਿਪਾਜਟ

| | |
|---|---|
| 1 ਸਾਲ ਦਾ ਅਕਾਊਂਟ | 6.25 % |
| 2 ਸਾਲ ਦਾ ਅਕਾਊਂਟ | 6.50 % |

3 ਸਾਲ ਦਾ ਅਕਾਊਂਟ 7.25 %

5 ਸਾਲ ਦਾ ਅਕਾਊਂਟ 7.50 %

4. *15 ਸਾਲਾ ਪਬਲਿਕ ਪ੍ਰਾਵੀਡੈਂਟ ਫੰਡ ਖਾਤਾ*

8% ਟੈਕਸ ਫਰੀ ਵਿਆਜ ਅਤੇ ਧਾਰਾ 88 ਅਧੀਨ ਇਨਕਮ ਟੈਕਸ ਤੋਂ ਛੋਟ।

5. *5 ਸਾਲਾ ਪੋਸਟ ਆਫਿਸ*

100 ਰੁਪਏ ਦਾ ਰੈਕਰਿੰਗ ਅਕਾਊਂਟ ਖੋਲਣ ਤੇ 5 ਸਾਲਾਂ ਬਾਅਦ 7280 ਰੁਪਏ ਬਣ ਜਾਂਦੇ ਹਨ।

6. *ਪੋਸਟ ਆਫਿਸ ਸੇਵਿੰਗ ਅਕਾਊਂਟ*

3.50% ਵਿਆਜ ਤੇ ਬਿਲਕੁਲ ਟੈਕਸ ਨਹੀਂ ਲੱਗਦਾ।

7. *ਨੈਸ਼ਨਲ ਸੇਵਿੰਗ ਸਰਟੀਫਿਕੇਟ*

1000 ਰੁਪਏ ਦੇ 6 ਸਾਲਾਂ ਬਾਅਦ 1601 ਹੋ ਜਾਂਦੇ ਹਨ। ਇਨਕਮ ਟੈਕਸ ਧਾਰਾ 88 ਅਧੀਨ ਟੈਕਸ ਤੋਂ ਛੋਟ।

8. *ਸੀਨੀਅਰ ਸਿਟੀਜਨ ਸਕੀਮ*

9% ਵਿਆਜ ਤਿਮਾਹੀ ਪੇਮੈਂਟ ਉਮਰ ਦੀ ਹੱਦ 60 ਸਾਲ ਜਾਂ ਇਸ ਤੋਂ ਉਪਰ ਵੀ.ਆਰ.ਐਸ.ਰਿਟਾਇਰੀ ਜਿਸਦੀ ਉਮਰ 55 ਸਾਲਾਂ ਤੋਂ ਵੱਧ ਅਤੇ 60 ਸਾਲਾਂ ਤੋਂ ਘੱਟ ਹੋਵੇ ਇਹ ਖਾਤਾ ਰਿਟਾਇਰ ਹੋਣ ਤੋਂ 3 ਮਹੀਨੇ ਦੇ ਅੰਦਰ-ਅੰਦਰ ਖੋਲਣਾ ਹੋਵੇਗਾ। ਇਸਦੀ ਮਿਆਦ 5 ਸਾਲ ਹੈ ਜੇਕਰ 1 ਸਾਲ ਬਾਅਦ ਪੇਮੈਂਟ ਲੈਣੀ ਹੈ ਤਾਂ 1.5% ਮੂਲ ਰਕਮ ਦੀ ਕਟੌਤੀ ਕੀਤੀ ਜਾਵੇਗੀ 2 ਸਾਲਾਂ ਬਾਅਦ ਕਟੌਤੀ 1% ਹੋਵੇਗੀ।